# ਖ਼ਾਲਸਾ ਕਰੈਡਿਟ ਯੂਨੀਅਨ ਦੀ 14 ਜੂਨ 2020 ਨੂੰ ਮਾਈਕ੍ਰੋਸਾਫ਼ਟ ਟੀਮ ਰਾਹੀਂ ਹੋਈ 34ਵੀਂ ਸਾਲਾਨਾ ਜਨਰਲ ਮੀਟਿੰਗ ਦੀ ਕਾਰਵਾਈ ਦੀ ਰਿਪੋਰਟ।

1. ਸ. ਹਰਦੀਪ ਸਿੰਘ ਬੈਂਸ ਨੇ ਮੈਂਬਰਾਂ ਅਤੇ ਮਹਿਮਾਨਾਂ ਦਾ ਖ਼ਾਲਸਾ ਕਰੈਡਿਟ ਯੂਨੀਅਨ ਦੀ ਵਰਚੂਅਲ ਸਾਲਾਨਾ ਜਨਰਲ ਮੀਟਿੰਗ ਵਿਚ ਹਾਜ਼ਰ ਹੋਣ ਲਈ ਸਵਾਗਤ ਕੀਤਾ। ਉਨ੍ਹਾਂ ਨੇ ਮੀਟਿੰਗ ਦੀ ਆਧੁਨਿਕ ਪ੍ਰਣਾਲੀ ਬਾਰੇ ਸਮਝਾਇਆ, ਹੱਥ ਖੜੇ ਕਰਨੇ ਅਤੇ ਪ੍ਰਸਤਾਵ ਪੇਸ਼ ਕਰਨਾ। ਉਨ੍ਹਾਂ ਨੇ ਤਿੰਨ ਮੁੱਖ ਫ਼ੀਚਰ ਪੰਜਾਬੀ ਅਤੇ ਅੰਗਰੇਜ਼ੀ ਵਿਚ ਆਪਣੀ ਸਕਰੀਨ ਸਾਂਝੀ ਕਰ ਕੇ ਸਮਝਾਏ, ਪਹਿਲਾ ਮਿਊਟ ਅਤੇ ਅਨਮਿਊਟ, ਦੂਜਾ ਹੱਥ ਖੜੇ ਕਰਨੇ ਅਤੇ ਤੀਜਾ ਸਵਾਲ ਜਵਾਬ ਅਤੇ ਸਿਸਟਮ ਵਿਚ ਅੱਪਲੋਡ ਕੀਤੇ ਦਸਤਾਵੇਜ਼। ਉਨ੍ਹਾਂ ਨੇ ਹੱਥ ਖੜੇ ਕਰਕੇ ਅਤੇ ਟਾਈਪ ਕਰ ਕੇ ਸਵਾਲ ਪੁੱਛਣ ਬਾਰੇ ਵੀ ਦੱਸਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਹੇਠ ਲਿਖੇ ਦਸਤਾਵੇਜ਼ ਆਨਲਾਈਨ ਉਪਲਬਧ ਹਨ।
   – ਅੰਗਰੇਜ਼ੀ ਅਤੇ ਪੰਜਾਬੀ ਵਿਚ ਮੀਟਿੰਗ ਦੀ ਕਾਰਵਾਈ ਦੇ ਨਿਯਮ
   – 2019 ਦੀ ਸਾਲਾਨਾ ਜਨਰਲ ਮੀਟਿੰਗ ਦੀ ਕਾਰਵਾਈ
   – ਸਾਲਾਨਾ ਰਿਪੋਰਟ ਅਤੇ
   – ਸੰਖੇਪਤ ਮਾਲੀ ਰਿਪੋਰਟ
   ਮੀਟਿੰਗ ਵਿਚ ਹਿੱਸਾ ਲੈਣ ਵਾਲਿਆਂ ਦਾ ਜੇ ਕੋਈ ਸਵਾਲ ਹੈ ਤਾਂ ਉਹ 604–507–2349 ਨੰਬਰ ਤੇ ਫ਼ੋਨ ਕਰ ਸਕਦੇ ਹਨ ਅਤੇ ਸਾਡੀ ਟੀਮ ਦੇ ਮੈਂਬਰ ਤਕਨੀਕੀ ਵਿਸ਼ੇ ਬਾਰੇ ਮਦਦ ਕਰ ਸਕਦੇ ਹਨ ਅਤੇ ਜੇ ਕੋਈ ਤਕਨੀਕੀ ਸਮੱਸਿਆ ਹੋਵੇ ਤਾਂ ਸਾਡੇ ਨਾਲ ਸਹਿਣ ਕਰੋ ਜੀ।

2. ਸ. ਪਰਵਕਾਰ ਸਿੰਘ ਦੁਲੇ ਦੀ ਬੋਰਡ ਦੇ ਸੈਕਟਰੀ ਵਜੋਂ ਜਾਣ ਪਹਿਚਾਣ ਕਰਵਾਈ।

3. ਸ. ਪਰਵਕਾਰ ਸਿੰਘ ਦੁਲੇ ਨੇ ਸਾਰਿਆਂ ਮੈਂਬਰਾਂ ਦਾ ਮੀਟਿੰਗ ਵਿਚ ਹਾਜ਼ਰ ਹੋਣ ਲਈ ਸਵਾਗਤ ਕੀਤਾ ਅਤੇ ਦੁਪਹਿਰ 1 ਵਜੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਲਈ 62 ਮੈਂਬਰਾਂ ਦਾ ਕੋਰਮ ਪੂਰਾ ਹੋਣ ਦੀ ਸੂਚਨਾ ਦੇ ਕੇ ਅਗਲੀ ਕਾਰਵਾਈ ਲਈ ਸ. ਜਗਪਾਲ ਸਿੰਘ ਸੰਧੂ ਨੂੰ ਬੇਨਤੀ ਕੀਤੀ।

   ਸ. ਜਗਪਾਲ ਸਿੰਘ ਸੰਧੂ ਨੇ ਖ਼ਾਲਸਾ ਕਰੈਡਿਟ ਯੂਨੀਅਨ ਦੀ ਪਹਿਲੀ ਵਰਚੂਅਲ ਮੀਟਿੰਗ ਲਈ ਸਮਾਂ ਕੱਢਣ ਅਤੇ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਾਰਿਆਂ ਮੈਂਬਰਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ ਅਤੇ ਕਿਸੇ ਤਕਨੀਕੀ ਸਮੱਸਿਆ ਸਮੇਂ ਧੀਰਜ ਰੱਖਣ ਲਈ ਬੇਨਤੀ ਕੀਤੀ।

4. ਸ. ਜਸਵਿੰਦਰ ਸਿੰਘ ਗਿੱਲ ਨੇ ਅਰਦਾਸ ਕੀਤੀ।

   ਸ. ਜਗਪਾਲ ਸਿੰਘ ਸੰਧੂ ਨੇ ਹਾਜ਼ਰੀਨ ਨੂੰ ਦੱਸਿਆ ਕਿ ਅੰਗਰੇਜ਼ੀ ਵਿਚ ਕੁੱਲ ਆਮਦਨ ਦੀ ਟਾਈਪ ਦੀ ਗ਼ਲਤੀ ਸੀ ਜੋ ਪੰਜਾਬੀ ਵਿਚ ਠੀਕ ਹੈ।

5. ਸ. ਜਗਪਾਲ ਸਿੰਘ ਸੰਧੂ ਨੇ ਹੇਠ ਲਿਖੇ ਐਲਾਨਾਂ ਬਾਰੇ ਜਾਣਕਾਰੀ ਦਿੱਤੀ:–
   - ਸ. ਪਰਵਕਾਰ ਸਿੰਘ ਦੁਲੇ, ਰਿਕਾਰਡਿੰਗ ਸੈਕਟਰੀ
   - ਸ. ਮਾਲਵਿੰਦਰ ਗਰੇਵਾਲ, Ernst & Young LLP, ਕੈਨੇਡਾ ਪੜਤਾਲੀਆ
   - ਸ. ਸੁਖਬਿੰਦਰ ਸਿੰਘ ਨੁਨੜਾ ਪਾਰਲੀਮੈਂਟੇਰੀਅਨ ਅਤੇ ਕਾਨੂੰਨੀ ਸਲਾਹਕਾਰ

6. ਏਜੰਡਾ ਪਰਵਾਨ ਕੀਤਾ ਗਿਆ।

   *ਪੇਸ਼ ਕਰਤਾ ਸ. ਗੁਰਦੀਪ ਸਿੰਘ* *ਤਾਈਦ ਕਰਤਾ ਸ. ਅਮਰਪਾਲ ਸਿੰਘ ਪਾਸ ਹੋਇਆ*

7. ਸ. ਜਗਪਾਲ ਸਿੰਘ ਸੰਧੂ ਨੇ ਬੋਰਡ ਮੈਂਬਰਾਂ ਅਤੇ ਮੁੱਖ ਕਾਰਜਕਾਰੀ ਅਫ਼ਸਰ ਦੀ ਜਾਣ ਪਹਿਚਾਣ ਕਰਵਾਈ।

8. ਸ. ਪਰਵਕਾਰ ਸਿੰਘ ਦੁਲੇ ਵੱਲੋਂ 5 ਮਈ 2019 ਨੂੰ ਹੋਈ 33ਵੀਂ ਸਾਲਾਨਾ ਜਨਰਲ ਮੀਟਿੰਗ ਦੀ ਕਾਰਵਾਈ ਪੇਸ਼ ਕੀਤੀ ਜੋ ਪਰਵਾਨ ਕੀਤੀ ਗਈ।

*ਪੇਸ਼ ਕਰਤਾ ਸ. ਜਰਨੈਲ ਸਿੰਘ ਰਾਏ ਤਾਈਦ ਕਰਤਾ ਸ. ਕੁਲਦੀਪ ਸਿੰਘ ਸਿੱਧੂ ਪਾਸ ਹੋਇਆ*

<u>ਕਾਰਵਾਈ ਵਿਚੋਂ ਪੈਦਾ ਹੋਇਆ ਕਾਰੋਬਾਰ</u>:-

ਸਿਫ਼ਰ

9. <u>ਚੇਅਰਮੈਨ ਦੀ ਰਿਪੋਰਟ</u>

ਸ. ਜਗਪਾਲ ਸਿੰਘ ਸੰਧੂ ਨੇ ਬੋਰਡ ਦੇ ਚੇਅਰ ਦੀ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਖ਼ਾਲਸਾ ਕਰੈਡਿਟ ਯੂਨੀਅਨ ਨੂੰ ਆਪਣੇ ਭਾਈਚਾਰੇ ਨੂੰ ਵਧੀਆ ਮਾਲੀ ਸੇਵਾਵਾਂ ਦੇਣ ਲਈ ਸਥਾਪਤ ਕੀਤਾ ਗਿਆ ਸੀ ਅਤੇ ਇਹੀ ਸਾਡਾ ਹੁਣ ਵੀ ਸੰਕਲਪ ਹੈ। ਪਿਛਲੇ ਸਾਲ ਸਾਡੀ ਮਾਲੀ ਹਾਲਤ ਵਿਚ ਕਾਫ਼ੀ ਵਾਧਾ ਹੋਇਆ ਹੈ ਅਤੇ ਆਪਣੀ ਸੰਪਤੀ ਦਾ $500 ਮਿਲੀਅਨ ਦਾ ਟੀਚਾ ਸਰ ਕਰ ਕੇ $4.97 ਮਿਲੀਅਨ ਦਾ ਸ਼ੁੱਧ ਮੁਨਾਫ਼ਾ ਵੀ ਕਮਾਇਆ ਹੈ। ਉਨ੍ਹਾਂ ਨੇ ਦੱਸਿਆ ਕਿ ਬੋਰਡ ਨੇ ਕਲਾਸ ਏ & ਕਲਾਸ ਬੀ ਸ਼ੈਅਰਾਂ ਤੇ 5% ਡਿਵੀਡੈਂਡ ਦੇਣ ਦਾ ਫ਼ੈਸਲਾ ਕੀਤਾ ਹੈ। ਸਾਡੀ ਮੈਂਬਰਸ਼ਿਪ ਵਿਚ ਵੀ ਕਾਫ਼ੀ ਵਾਧਾ ਹੋ ਰਿਹਾ ਹੈ ਅਤੇ ਅਸੀਂ ਆਪਣੇ ਨੌਜਵਾਨਾਂ ਨੂੰ ਪੜ੍ਹਾਈ ਲਈ ਇਨਾਮ ਅਤੇ ਵਜ਼ੀਫ਼ੇ ਦੇਣੇ ਜਾਰੀ ਰੱਖ ਰਹੇ ਹਾਂ। ਅਸੀਂ ਆਪਣੇ ਮੁਨਾਫ਼ੇ ਦਾ 10% ਦਾਨ ਵਜੋਂ ਦਸਵੰਧ ਕੱਢਦੇ ਹਾਂ ਅਤੇ 2019 ਵਿਚ $400,000 ਅਤੇ 2020 ਵਿਚ $470,000 ਦਾਨ ਵਜੋਂ ਰੱਖਿਆ। ਉਨ੍ਹਾਂ ਬੇਨਤੀ ਕੀਤੀ ਕਿ ਜੇ ਕਿਸੇ ਨੂੰ ਕਿਸੇ ਲੋੜਵੰਦ ਸੰਸਥਾ ਦਾ ਪਤਾ ਹੋਵੇ ਤਾਂ ਉਹ ਸਾਨੂੰ ਪਹੁੰਚ ਕਰ ਸਕਦੇ ਹਨ ਅਤੇ ਅਸੀਂ ਉਨ੍ਹਾਂ ਨਾਲ ਮਿਲ ਕੇ ਕੰਮ ਕਰ ਸਕਦੇ ਹਾਂ।

ਉਨ੍ਹਾਂ ਦੱਸਿਆ ਕਿ ਕੋਵਿਡ ਨੇ ਕੈਨੇਡੀਅਨ ਅਰਥ ਵਿਵਸਥਾ ਤੇ ਅਣਕਿਆਸਿਆ ਭਾਰ ਪਾਇਆ ਹੈ, ਅਸੀਂ ਖ਼ਾਲਸਾ ਕਰੈਡਿਟ ਯੂਨੀਅਨ ਤੇ ਆਪਣੇ ਮੈਂਬਰਾਂ ਲਈ ਕੰਮ ਕਰ ਰਹੇ ਹਾਂ। ਸਾਡੇ ਮੈਂਬਰਾਂ ਅਤੇ ਕਰਮਚਾਰੀਆਂ ਨੇ ਵੀ ਮਾਲੀ ਕਠਨਾਈਆਂ ਝੱਲੀਆਂ ਹਨ ਅਤੇ ਅਸੀਂ ਆਪਣੇ ਮੈਂਬਰਾਂ ਅਤੇ ਕਰਮਚਾਰੀਆਂ ਨੂੰ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਦੇ ਰਹਾਂਗੇ। ਉਨ੍ਹਾਂ ਅੱਗੇ ਦੱਸਿਆ ਕਿ ਅਸੀਂ ਕਰਜ਼ੇ ਮੁਲਤਵੀ ਕੀਤੇ ਹਨ, ਸੀ.ਆਰ.ਏ., ਸੀ.ਈ.ਆਰ.ਬੀ. ਲਾਭ ਦੀ ਸਿੱਧੀ ਪ੍ਰਾਪਤੀ ਲਈ ਆਸਾਨ ਸਾਈਨ-ਅਪ ਲਈ ਸਹਿਮਤੀ ਦਿੱਤੀ ਹੈ ਅਤੇ ਹੋਰ ਕਰੈਡਿਟ ਯੂਨੀਅਨਾਂ ਨਾਲ ਮਿਲਕੇ ਸਾਡੇ ਮੈਂਬਰਾਂ ਨੂੰ ਕੈਨੇਡੀਅਨ ਐਮਰਜੈਂਸੀ ਬਿਜ਼ਨਸ ਅਕਾਊਂਟ ਲੋਨ ਪ੍ਰੋਗਰਾਮ ਦੀ ਸੁਵਿਧਾ ਪ੍ਰਦਾਨ ਕਰਨ ਦੀ ਯੋਗਤਾ ਹਾਸਲ ਕੀਤੀ । ਬੇਸ਼ੱਕ ਸਾਡੀ ਮਾਲੀ ਹਾਲਤ ਤੇ ਵੀ ਅਸਰ ਪਿਆ ਹੈ ਪਰ ਸਾਡੀ ਬੈਲੰਸ ਸ਼ੀਟ ਕਾਫ਼ੀ ਮਜ਼ਬੂਤ ਹੈ ਜਿਸ ਵਿਚ ਕਾਫ਼ੀ ਨਕਦੀ ਉਪਲਬਧ ਹੈ ਅਤੇ ਮਾਲੀ ਆਧਾਰ ਕਾਫ਼ੀ ਮਜ਼ਬੂਤ ਹੈ। ਇੱਕ ਤਕੜੀ ਐਗਜ਼ੈਕਟਿਵ ਟੀਮ ਜਿਸ ਕੋਲ ਬੈਂਕਿੰਗ ਦਾ ਕਾਫ਼ੀ ਤਜਰਬਾ ਸੀ ਦੀਆਂ ਪ੍ਰਾਪਤ ਕੀਤੀਆਂ ਸੇਵਾਵਾਂ ਦੀ ਮਦਦ ਨਾਲ ਅਸੀਂ ਆਪਣੇ ਨਿਸ਼ਾਨੇ ਪ੍ਰਾਪਤ ਕੀਤੇ ਹਨ ਅਤੇ ਅਸੀਂ ਆਪਣੇ ਕਰਮਚਾਰੀਆਂ ਦੀ ਸੰਤੁਸ਼ਟੀ ਵੱਲ ਜ਼ਿਆਦਾ ਧਿਆਨ ਰੱਖ ਕੇ ਆਪਣੇ ਭਾਈਚਾਰੇ ਤੇ ਨਿਵੇਸ਼ ਕਰਦੇ ਰਹਾਂਗੇ ਅਤੇ ਕਰਮਚਾਰੀਆਂ ਨੂੰ ਸਹਾਇਤਾ ਅਤੇ ਸਿਖਲਾਈ ਦੀਆਂ ਜ਼ਰੂਰਤਾਂ ਪ੍ਰਦਾਨ ਕਰ ਕੇ ਆਪਣੇ ਮੈਂਬਰਾਂ ਦੀਆਂ ਉਮੀਦਾਂ ਅਤੇ ਟੀਮ ਦੇ ਵਿਸਥਾਰ ਦੀਆਂ ਲੋੜਾਂ ਪੂਰੀਆਂ ਕਰਾਂਗੇ। ਇੱਕ ਮਜ਼ਬੂਤ ਟੀਮ ਦੇ ਹੁੰਦਿਆਂ ਹੋਇਆਂ ਅਸੀਂ ਹੁਣ ਆਪਣਾ ਧਿਆਨ ਇਨਫਰਮੇਸ਼ਨ ਟੈਕਨਾਲੋਜੀ ਅਤੇ ਨਿਵੇਸ਼ ਦੇ ਇੱਕ ਮਜ਼ਬੂਤ ਆਧਾਰ ਵੱਲ ਕੇਂਦਰਿਤ ਕੀਤਾ ਹੈ। ਅਸੀਂ ਬੈਂਕਿੰਗ ਦੀ ਨਵੀਂ ਪ੍ਰਣਾਲੀ FORGE ਵਿਚ ਨਿਵੇਸ਼ ਕੀਤਾ ਹੈ ਅਤੇ ਇਹ ਇਸ ਸਾਲ ਦੇ ਅਖੀਰ ਵਿਚ ਚਾਲੂ ਹੋ ਜਾਏਗੀ। ਮੈਂਬਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਹ ਮੈਂਬਰ ਕੇਂਦਰਿਤ ਹੋਵੇਗੀ ਅਤੇ ਇਸ ਵਿਚ ਨਵੇਂ ਫ਼ੀਚਰ ਹੋਣਗੇ। ਖ਼ਾਲਸਾ ਕਰੈਡਿਟ ਯੂਨੀਅਨ ਨੂੰ ਭਾਈਚਾਰੇ ਦੀ ਸਫਲ ਸੰਸਥਾ ਬਣਾਉਣ ਲਈ ਉਨ੍ਹਾਂ ਨੇ ਸਾਰੇ ਬੋਰਡ ਦੀ ਤਰਫ਼ੋਂ ਸਭ ਮੈਂਬਰਾਂ, ਮੈਨੇਜਮੈਂਟ ਅਤੇ ਕਰਮਚਾਰੀਆਂ ਦੀ ਸਹਾਇਤਾ ਅਤੇ ਸਮਰਪਣ ਭਾਵਨਾ ਲਈ ਧੰਨਵਾਦ ਕੀਤਾ। ਅਸੀਂ ਆਪਣੇ ਮੈਂਬਰਾਂ ਦੀ ਸਹਾਇਤਾ ਨਾਲ ਮਿਲ ਕੇ ਕੰਮ ਕਰਦੇ ਰਹਾਂਗੇ।

*ਪੇਸ਼ ਕਰਤਾ: ਜਰਨੈਲ ਸਿੰਘ ਰਾਏ ਤਾਈਦ ਕਰਤਾ: ਮਿਸ. ਪਰਮਪਰੀਤ ਕੌਰ ਸਿੱਧੂ ਪਾਸ ਹੋਇਆ*

## 10. ਮੁੱਖ ਕਾਰਜਕਾਰੀ ਅਫ਼ਸਰ ਦੀ ਰਿਪੋਰਟ

ਸ਼੍ਰੀ ਮਤੀ ਜਸੀ ਕੌਰ ਸਿੱਧੂ ਨੇ ਦੱਸਿਆ ਕਿ ਅਸੀਂ ਪਹਿਲੀ ਵਾਰ ਵਰਚੂਅਲ ਮੀਟਿੰਗ ਕਰ ਰਹੇ ਹਾਂ। ਉਨ੍ਹਾਂ ਨੇ ਸੰਖੇਪ ਵਿਚ 2019 ਦੇ ਮਾਲੀ ਨਤੀਜਿਆਂ ਤੇ ਆਪਣੀ ਰਾਇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਖ਼ਾਲਸਾ ਕਰੈਡਿਟ ਯੂਨੀਅਨ ਦੇ 34 ਸਾਲਾਂ ਦੇ ਇਤਿਹਾਸ ਵਿਚ 2019 ਵਿਚ ਮਾਲੀ ਹਾਲਤ ਦੀਆਂ ਨੀਂਹਾਂ ਨਿੱਗਰ ਹੋਈਆਂ ਹਨ। ਉਨ੍ਹਾਂ ਨੇ ਦੱਸਿਆ ਕਿ 1986 ਵਿਚ ਸਾਡੇ ਬਾਨੀਆਂ ਨੇ ਸਿੱਖਾਂ ਦੀ ਆਪਣੀ ਇੱਕ ਮਾਲੀ ਸੰਸਥਾ ਦਾ ਆਦਰਸ਼ ਸਾਹਮਣੇ ਰੱਖਿਆ ਸੀ ਤਾਂ ਕਿ ਉਹ ਭਾਈਚਾਰੇ ਦੀ ਸਾਰੇ ਸੂਬੇ ਵਿਚ ਸੇਵਾ ਕਰ ਸਕੇ ਅਤੇ ਅੱਜ ਉਹ ਨਿਸ਼ਾਨਾ ਪੂਰਾ ਕਰਨ ਦਾ ਸਾਨੂੰ ਮਾਣ ਹੈ।

ਉਨ੍ਹਾਂ ਨੇ ਦੱਸਿਆ ਕਿ ਆਪਣੀਆਂ ਸੇਵਾਵਾਂ ਦੇ ਵਪਾਰੀਕਰਨ ਅਤੇ ਆਪਣੇ ਖ਼ਰਚਿਆਂ ਅਤੇ ਲੈਣਦਾਰੀਆਂ ਦਾ ਧਿਆਨ ਰੱਖਦਿਆਂ, ਖ਼ਾਲਸਾ ਕਰੈਡਿਟ ਯੂਨੀਅਨ ਨੇ ਆਪਣੀ ਯੋਗਤਾ/ ਕੁਸ਼ਲਤਾ ਦੀ ਦਰ ਕਾਫ਼ੀ ਮਜ਼ਬੂਤ ਬਣਾ ਲਈ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਕਾਸ ਦੇ ਇਹ ਨਿਸ਼ਾਨੇ ਪ੍ਰਾਪਤ ਕਰ ਕੇ ਹੁਣ ਅਸੀਂ ਆਪਣੀਆਂ ਸੇਵਾਵਾਂ ਦੇ ਵਿਕਲਪਾਂ ਵਿਚ ਵਰਿੱਧੀ ਦੇ ਕਾਬਲ ਹਾਂ ਅਤੇ ਆਪਣੀਆਂ ਟੀਮਾਂ ਰਾਹੀਂ ਆਪਣੇ ਭਾਈਚਾਰੇ ਨੂੰ ਵੀ ਕੁੱਝ ਵਾਪਸ ਕਰ ਸਕਦੇ ਹਾਂ, ਪਰ ਇਹ ਸਭ ਸਾਡੇ ਮੈਂਬਰਾਂ ਦੀ ਸਹਾਇਤਾ ਤੋਂ ਬਿਨਾ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਨੇ ਖ਼ਾਲਸਾ ਕਰੈਡਿਟ ਯੂਨੀਅਨ ਦੇ ਸਾਰੇ ਮੈਂਬਰਾਂ ਦਾ ਇਸ ਯੂਨੀਅਨ ਦੀਆਂ ਸੇਵਾਵਾਂ ਦੀ ਲਗਾਤਾਰ ਵਰਤੋਂ ਕਰਨ ਲਈ ਧੰਨਵਾਦ ਕੀਤਾ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਅਤੇ ਬੋਰਡ ਦੇ ਚੇਅਰਮੈਨ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਤਬਦੀਲੀ ਤੇ ਟਿੱਪਣੀ ਕੀਤੀ ਹੈ ਪਰ ਅਸੀਂ ਇਹ ਕਦੀ ਵੀ ਨਹੀਂ ਸੀ ਸੋਚਿਆ ਕਿ ਇਹ ਤਬਦੀਲੀ ਇੰਨੀ ਮੁਸੀਬਤ ਭਰੀ ਹੋਵੇਗੀ। ਉਨ੍ਹਾਂ ਹੋਰ ਕਿਹਾ ਕਿ ਕੋਵਿਡ ਦੀ ਤੀਬਰਤਾ ਅਤੇ ਪਹੁੰਚ ਨੇ ਸਾਨੂੰ ਸਭ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਨੇ ਮੈਂਬਰਾਂ ਨੂੰ ਦੱਸਿਆ ਕਿ ਕਰਮਚਾਰੀਆਂ ਅਤੇ ਮੈਂਬਰਾਂ ਨੂੰ ਸੁਰੱਖਿਅਤ ਅਤੇ ਸੰਪਰਕ ਵਿਚ ਰੱਖਣ ਲਈ ਕੀ ਕਦਮ ਚੁੱਕੇ ਗਏ। ਉਨ੍ਹਾਂ ਕਿਹਾ ਕਿ ਐਸੇ ਔਖੇ ਸਮਿਆਂ ਵਿਚ ਕੰਮ ਕਰਨ ਲਈ ਉਨ੍ਹਾਂ ਨੂੰ ਖ਼ਾਲਸਾ ਕਰੈਡਿਟ ਯੂਨੀਅਨ ਦੇ ਆਗੂਆਂ ਅਤੇ ਕਰਮਚਾਰੀਆਂ ਦੀ ਯੋਗਤਾ ਤੇ ਮਾਣ ਹੈ। ਉਨ੍ਹਾਂ ਦੱਸਿਆ ਕਿ ਸੇਵਾ ਦਾ ਸਮਾਂ ਅੱਗੇ ਪਿੱਛੇ ਕਰ ਕੇ ਅਤੇ ਜਿੱਥੇ ਸੰਭਵ ਸੀ ਕਰਮਚਾਰੀਆਂ ਨੂੰ ਘਰੋਂ ਕੰਮ ਕਰਨ ਦਾ ਵਿਕਲਪ ਦੇ ਕੇ ਆਪਣੀਆਂ ਬਰਾਂਚਾਂ ਨੂੰ ਖੁੱਲ੍ਹਾ ਰੱਖਿਆ। ਉਨ੍ਹਾਂ ਕਿਹਾ ਕਿ ਸਾਡੀ ਮੱਖ ਦਫ਼ਤਰ ਦੀ ਟੀਮ ਵੀ ਦੂਰੋਂ ਹੀ ਕੰਮ ਕਰਦੀ ਰਹੀ ਅਤੇ ਇਸ ਸਮੇਂ ਦੀ ਵਰਤੋਂ ਅਸੀਂ ਮੁੱਖ ਦਫ਼ਤਰ ਅਤੇ ਹੋਰ ਸਥਾਨਾਂ ਨੂੰ ਚੁਸਤ ਦਰੁਸਤ ਅਤੇ ਦਿੱਖ ਅਤੇ ਅਨੁਭਵ ਸੁਹਾਵਣਾ ਬਣਾਉਣ ਲਈ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਮੇਂ ਅੰਦਰ ਸਰਕਾਰ ਦੇ ਸਾਰੇ ਅਦਾਰਿਆਂ ਵੱਲੋਂ ਦਿੱਤੇ ਨਿਰਦੇਸ਼ਾਂ ਦੀ ਪਾਲਨਾ ਕੀਤੀ ਗਈ। ਆਪਣੇ ਮੈਂਬਰਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਜ਼ਰੂਰੀ ਪੀ.ਪੀ.ਈ. ਕਿੱਟਾਂ ਖ਼ਰੀਦੀਆਂ ਅਤੇ ਸਾਰੀਆਂ ਬਰਾਂਚਾਂ ਵਿਚ ਪਲੈਕਸੀਗਲਾਸ ਦੇ ਪੈਨਲ ਲਗਾਏ ਅਤੇ ਸਫ਼ਾਈ ਕਰਨ ਦੀਆਂ ਸੇਵਾਵਾਂ ਦੀ ਗਿਣਤੀ ਵਿਚ ਵੀ ਵਾਧਾ ਕੀਤਾ।

ਸ਼੍ਰੀ ਮਤੀ ਸਿੱਧੂ ਨੇ ਹਾਜ਼ਰ ਮੈਂਬਰਾਂ ਨੂੰ ਦੱਸਿਆ ਕਿ ਆਪਣੇ ਭਾਈਚਾਰੇ ਦੀ ਲਗਾਤਾਰ ਸਿਹਤ ਅਤੇ ਸੁਰੱਖਿਆ ਦੀ ਸਹਾਇਤਾ ਲਈ ਅਸੀਂ ਮਾਸਕ ਅਤੇ ਹੋਰ ਸੁਰੱਖਿਆ ਸਾਜ਼-ਸਾਮਾਨ ਲੋਕਲ ਹਸਪਤਾਲਾਂ ਅਤੇ ਪਿਕਸ ਨੂੰ ਦਾਨ ਕੀਤਾ ਹੈ ਅਤੇ $10,000 ਵੈਨਕੂਵਰ ਫ਼ਾਊਂਡੇਸ਼ਨ ਨੂੰ ਲੋਕਲ ਫ਼ੂਡ ਬੈਂਕ ਦੀ ਸਹਾਇਤਾ ਲਈ ਦਿੱਤੇ। ਇਸ ਤੋਂ ਇਲਾਵਾ ਅਸੀਂ ਲੰਗਾਰਾ ਕਾਲਜ ਦੇ ਵਿਦਿਆਰਥੀਆਂ ਦੀ ਮਾਲੀ ਸਹਾਇਤਾ ਵੀ ਕੀਤੀ ਅਤੇ ਗੁਰੂ ਨਾਨਕ ਫਰੀ ਕਿਚਨ ਨਾਲ ਮਿਲ ਕੇ ਕਾਫ਼ੀ ਖਾਣੇ ਦਾ ਸਾਮਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਪਲਬਧ ਕਰਾਇਆ। ਉਨ੍ਹਾਂ ਕਿਹਾ ਕਿ ਐਸੇ ਮੁਸ਼ਕਲ ਸਮੇਂ ਆਪਣੇ ਭਾਈਚਾਰੇ ਵੱਲੋਂ ਮਿਲ ਕੇ ਸਹਾਇਤਾ ਕਰਨੀ ਬੜਾ ਉਤਸ਼ਾਹਜਨਕ ਕਦਮ ਸੀ।

ਸ਼੍ਰੀ ਮਤੀ ਸਿੱਧੂ ਨੇ ਮੈਂਬਰਾਂ ਨੂੰ ਐਸੇ ਸਮੇਂ ਡਿਜੀਟਲ ਸੇਵਾਵਾਂ ਜਿਹੜੀਆਂ 24 ਘੰਟੇ ਉਪਲਬਧ ਹਨ ਦੀ ਵਰਤੋਂ ਲਈ ਉਤਸ਼ਾਹਿਤ ਕੀਤਾ ਤਾਂ ਕਿ ਬਰਾਂਚ ਵਿਚ ਆਉਣ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਫ਼ੈਡਰਲ ਅਤੇ ਸੂਬਾਈ ਸਹਾਇਤਾ ਦੇ ਪ੍ਰੋਗਰਾਮਾਂ ਦੀ ਜਾਣਕਾਰੀ ਛਪਵਾਈ ਹੈ ਤਾਂ ਕਿ ਆਪਣੇ ਮੈਂਬਰ ਇਨ੍ਹਾਂ ਫ਼ਾਇਦਿਆਂ ਲਈ ਅਰਜ਼ੀਆਂ ਦੇਣ ਦੇ ਤਰੀਕੇ ਨੂੰ ਸਮਝ ਸਕਣ। ਉਨ੍ਹਾਂ ਇਹ ਵਿਸ਼ੇਸ਼ ਤੌਰ ਤੇ ਦੱਸਿਆ ਕਿ ਖ਼ਾਲਸਾ ਕਰੈਡਿਟ

ਯੂਨੀਅਨ ਆਪਣੇ ਮੈਂਬਰਾਂ ਨੂੰ ਇਨ੍ਹਾਂ ਫ਼ਾਇਦਿਆਂ ਲਈ ਕਿਵੇਂ ਮਦਦ ਕਰ ਸਕਦੀ ਹੈ। ਉਨ੍ਹਾਂ ਹੋਰ ਦੱਸਿਆ ਕਿ ਅਸੀਂ ਕੋਲਾਬਰੀਆ ਕਰੈਡਿਟ ਕਾਰਡਾਂ ਤੇ ਸੂਦ ਘੱਟ ਕੀਤਾ ਹੈ ਅਤੇ ਕਰਜ਼ਾ ਮੁਲਤਵੀ ਕਰਨ ਲਈ ਹਰ ਇੱਕ ਮੈਂਬਰ ਦੀ ਸਥਿਤੀ ਦੇ ਆਧਾਰ ਤੇ ਫ਼ੈਸਲਾ ਕੀਤਾ ਜਾਏਗਾ।

ਉਨ੍ਹਾਂ ਇਹ ਬੜੇ ਦਾਅਵੇ ਨਾਲ ਕਿਹਾ ਕਿ ਮੈਨੂੰ ਆਪਣੇ ਮੈਂਬਰਾਂ ਅਤੇ ਕਰਮਚਾਰੀਆਂ ਤੇ ਮਾਣ ਹੈ ਜੋ ਇਨ੍ਹਾਂ ਮੁਸ਼ਕਲ ਸਮਿਆਂ ਵਿਚ ਸਾਡੀਆਂ ਆਸਾਂ ਉਮੀਦਾਂ ਤੋਂ ਕਿਤੇ ਵੱਧ ਨਿਕਲੇ ਹਨ। ਉਨ੍ਹਾਂ ਨੇ ਸਮਰਪਣ, ਧੀਰਜ ਅਤੇ ਹਮਦਰਦੀ ਲਈ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਖ਼ਾਲਸਾਈ ਉਤਸ਼ਾਹ ਨੂੰ ਮਜ਼ਬੂਤ ਅਤੇ ਸਹਿਣਸ਼ੀਲ ਰੱਖਣ ਲਈ ਪ੍ਰੇਰਤ ਕੀਤਾ ਅਤੇ ਭਵਿੱਖ ਲਈ ਹੁਸ਼ਿਆਰ ਰਹਿਣ ਲਈ ਇਸ਼ਾਰਾ ਕੀਤਾ, ਸਾਨੂੰ ਆਪਣੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਲਈ ਅਰਦਾਸ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਲੀ ਸੇਵਾਵਾਂ ਦਾ ਉਦਯੋਗ ਭਵਿੱਖ ਵਿਚ ਵੀ ਤਬਦੀਲੀਆਂ ਦਾ ਅਨੁਭਵ ਕਰੇਗਾ ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਆਪਣੇ ਆਦਰਸ਼ਾਂ ਅਤੇ ਮਾਨਤਾਵਾਂ ਨਾਲ ਸਮਝੌਤਾ ਕਰਾਂਗੇ। ਅਸੀਂ ਲੋਕਲ ਅਤੇ ਵਿਦੇਸ਼ਾਂ ਵਿਚ ਚੰਗਾ ਕੰਮ ਕਰ ਰਹੀਆਂ ਸੰਸਥਾਵਾਂ ਦੀ ਮਦਦ ਲਈ ਮਾਲੀ ਅਤੇ ਤਰਕ ਪੂਰਨ ਸਹਾਇਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਾਂਗੇ। ਆਖੀਰ ਵਿਚ ਸ਼੍ਰੀ ਮਤੀ ਸਿੱਧੂ ਨੇ ਸਾਰੇ ਮੈਂਬਰਾਂ ਦਾ ਸਮਰਪਣ ਭਾਵਨਾ ਵਾਲੀ ਸਹਾਇਤਾ ਲਈ ਧੰਨਵਾਦ ਕੀਤਾ।

*ਪੇਸ਼ ਕਰਤਾ: ਜਰਨੈਲ ਸਿੰਘ ਰਾਏ ਤਾਈਦ ਕਰਤਾ: ਮਿਸ. ਪਰਮਪਰੀਤ ਕੌਰ ਸਿੱਧੂ ਪਾਸ ਹੋਇਆ*

11. ਬਾਹਰਲੇ ਪੜਚੋਲੀਏ ਦੀ ਰਿਪੋਰਟ

ਬਾਹਰਲੇ ਪੜਚੋਲੀਏ ਦੀ ਰਿਪੋਰਟ ਸ. ਮਲਵਿੰਦਰ ਸਿੰਘ ਗਰੇਵਾਲ Ernst & Young LLP ਕੈਨੇਡਾ, ਚਾਰਟਰਡ ਅਕਾਊਂਟੈਂਟ ਅਤੇ ਸ. ਅਮਨਪਰੀਤ ਸਿੰਘ ਚੁੱਘ ਕੰਟਰੋਲਰ ਖ਼ਾਲਸਾ ਕਰੈਡਿਟ ਯੂਨੀਅਨ ਨੇ ਪੇਸ਼ ਕੀਤੀ।

ਸ. ਜਗਪਾਲ ਸਿੰਘ ਸੰਧੂ ਨੇ ਹਾਜ਼ਰ ਮੈਂਬਰਾਂ ਨੂੰ ਪੁੱਛਿਆ ਕਿ ਮਾਲੀ ਦਸਤਾਵੇਜ਼ ਬਾਰੇ ਜੇ ਕੋਈ ਸਵਾਲ ਹੈ ਤਾਂ ਹੱਥ ਖੜ੍ਹਾ ਕਰੋ ਜਾਂ 604-507-2349 ਤੇ ਫ਼ੋਨ ਕਰੋ। ਕੋਈ ਸਵਾਲ ਨਹੀਂ ਪੁੱਛਿਆ ਗਿਆ।

2019 ਦੀ ਮਾਲੀ ਸਟੇਟਮੈਂਟ ਅਤੇ ਪੜਚੋਲੀਏ/ਆਡੀਟਰ ਦੀ ਰਿਪੋਰਟ ਮਿਲੀ ਅਤੇ ਪਰਵਾਨ ਕੀਤੀ ਗਈ।

*ਪੇਸ਼ ਕਰਤਾ ਮਿਸ ਰਾਨੀ ਕੌਰ ਤਾਈਦ ਕਰਤਾ ਸ. ਕੁਲਦੀਪ ਸਿੰਘ ਸਿੱਧੂ ਪਾਸ ਹੋਇਆ*

12. ਬਾਹਰਲੇ ਪੜਚੋਲੀਆਂ ਦੀ ਨਿਯੁਕਤੀ

ਬੋਰਡ ਚੇਅਰ ਵੱਲੋਂ ਇਹ ਮਤਾ ਪੇਸ਼ ਕੀਤਾ ਗਿਆ:-

*"ਫ਼ਰਮ **Ernst & Young LLP**, ਚਾਰਟਰਡ ਅਕਾਊਂਟੈਂਟ ਨੂੰ 2020 ਲਈ ਬਾਹਰਲਾ ਪੜਚੋਲੀਆ ਨਿਯਤ ਕਰਨ ਦਾ ਫ਼ੈਸਲਾ ਕੀਤਾ ਜਾਂਦਾ ਹੈ ਅਤੇ ਬੋਰਡ ਦੇ ਡਾਇਰੈਕਟਰਾਂ ਨੂੰ ਇਨ੍ਹਾਂ ਦਾ ਮਿਹਨਤਾਨਾ ਨਿਯਤ ਕਰਨ ਲਈ ਅਧਿਕਾਰ ਦਿੱਤਾ ਜਾਂਦਾ ਹੈ"।*

*ਪੇਸ਼ ਕਰਤਾ ਮਿਸ. ਪਰਮਪਰੀਤ ਸਿੱਧੂ ਤਾਈਦ ਕਰਤਾ ਸ. ਗੁਰਦੀਪ ਸਿੰਘ ਪਾਸ ਹੋਇਆ*

13. ਨਾਮੁਕੰਮਲ ਕੰਮ

ਕੋਈ ਨਹੀਂ

14. ਨਵੇਂ ਕੰਮ

ਸ. ਜਗਪਾਲ ਸਿੰਘ ਸੰਧੂ ਨੇ ਹਾਜ਼ਰੀਨ ਨੂੰ ਪੁੱਛਿਆ ਕਿ ਕਿਸੇ ਦਾ ਕੋਈ ਸਵਾਲ ਹੈ ਤਾਂ ਉਹ ਆਪਣਾ ਹੱਥ ਖੜ੍ਹਾ ਕਰੇ ਜਾਂ 604-507-2349 ਤੇ ਫ਼ੋਨ ਕਰੇ।

1. ਮੈਂਬਰ - ਸ. ਸਤਵੰਤ ਸਿੰਘ ਸੰਧੂ - ਤੁਸੀਂ ਕਲੋਂਡਿਕ ਠੇਕੇਦਾਰਾਂ ਨੂੰ ਕਿੰਨੀ ਚੰਗੀ ਤਰ੍ਹਾਂ ਜਾਣਦੇ ਹੋ? ਮਿਸ ਜਸੀ ਕੌਰ ਸਿੱਧੂ ਨੇ ਜਵਾਬ ਦਿੱਤਾ ਕਿ ਜਦੋਂ ਅਸੀਂ ਰੈਨੋਵੇਸ਼ਨ ਅਤੇ ਨਵੀਂ ਇਮਾਰਤ ਬਾਰੇ ਸੋਚਣਾ ਸ਼ੁਰੂ ਕੀਤਾ ਅਸੀਂ ਫ਼ਰੇਜ਼ਰ ਸਟਰੀਟ ਤੋਂ ਸ਼ੁਰੂ ਕੀਤਾ ਅਤੇ ਦੋ ਪ੍ਰਾਜੈਕਟਾਂ ਲਈ ਬੋਲੀ ਲਈ ਸੱਦਾ ਦਿੱਤਾ। ਤਿੰਨ ਕੰਪਨੀਆਂ ਨੇ ਆਪਣੀਆਂ ਬੋਲੀਆਂ ਦਿੱਤੀਆਂ ਅਸੀਂ ਤਿੰਨਾਂ ਦੀਆਂ ਕੀਮਤਾਂ ਅਤੇ ਤਜਰਬੇ ਦੇ ਆਧਾਰ ਤੇ ਫ਼ਰੇਜ਼ਰ ਸਟਰੀਟ ਦੀ ਇਮਾਰਤ ਲਈ ਕਲੋਂਡਿਕ ਕੰਪਨੀ ਨੂੰ ਕੰਮ ਦਿੱਤਾ ਜਿਨ੍ਹਾਂ ਨੇ ਦੋ ਸਾਲ ਪਹਿਲਾਂ ਵੀ ਕੰਮ ਕੀਤਾ ਸੀ ਅਤੇ ਇਸ ਕੰਮ ਲਈ ਵੀ ਬੇਨਤੀ ਕੀਤੀ ਸੀ। ਉਨ੍ਹਾਂ ਨੇ ਕਈ ਰਿਟੇਲ ਸੰਸਥਾਵਾਂ ਲਈ ਬਹੁਤ ਕੰਮ ਕੀਤਾ ਹੈ ਅਸੀਂ ਖੋਜ ਪੂਰੀ ਤਰ੍ਹਾਂ ਕੀਤੀ ਹੈ। ਅਸੀਂ ਆਪਣੇ ਪਰਿਣਾਮ ਅਤੇ ਤਿੰਨ ਬੋਲੀਆਂ ਨਿਰਮਾਣ ਸਲਾਹਕਾਰ ਕਮੇਟੀ ਨੂੰ ਪੇਸ਼ ਕੀਤੀਆਂ ਅਤੇ ਨਿਰਮਾਣ ਸਲਾਹਕਾਰ ਕਮੇਟੀ ਨੇ ਬੋਰਡ ਦੇ ਡਾਇਰੈਕਟਰਾਂ ਨੂੰ ਪ੍ਰਵਾਨਗੀ ਲਈ ਪੇਸ਼ ਕੀਤੀ। ਅਸੀਂ ਕੰਪਨੀ ਨੂੰ ਕਿੰਨੀ ਚੰਗੀ ਤਰ੍ਹਾਂ ਜਾਣਦੇ ਹਾਂ ਅਸੀਂ ਆਪਣੀ ਪੜਤਾਲ ਕੀਤੀ ਅਤੇ ਹੋਰ ਵਿਕਲਪ ਵੀ ਪਰਖੇ।

2. ਸ. ਜਸਵਿੰਦਰ ਸਿੰਘ ਬਦੇਸ਼ਾ ਨੇ ਸਵਾਲ ਲਈ ਹੱਥ ਖੜ੍ਹਾ ਕੀਤਾ- ਉਹ ਕੁੱਝ ਜ਼ਿਆਦਾ ਨਾ ਬੋਲ ਸਕਿਆ ਅਤੇ ਉਸ ਨੂੰ 604-507-2349 ਤੇ ਫ਼ੋਨ ਕਰਨ ਲਈ ਕਿਹਾ ਗਿਆ।

3. ਪੰਜਾਬੀ ਅਤੇ ਅੰਗਰੇਜ਼ੀ ਵਿਚ ਕੁਲ ਆਮਦਨ ਬਾਰੇ ਫ਼ਰਕ ਬਾਰੇ ਸਵਾਲ ਨੂੰ ਪਹਿਲਾਂ ਹੀ ਬੋਰਡ ਦੀ ਚੇਅਰ ਨੇ ਦੱਸ ਦਿੱਤਾ ਸੀ।

4. ਸ. ਸਤਵੰਤ ਸਿੰਘ ਸੰਧੂ - ਨਿਊਟਨ ਬਰਾਂਚ ਦੀਆਂ ਖਿੜਕੀਆਂ ਦੇ ਟੁੱਟੇ ਸ਼ੀਸ਼ੇ ਬਾਰੇ ਸਵਾਲ ਕੀਤਾ।

   ਸ.ਹਰਦੀਪ ਸਿੰਘ ਬੈਂਸ ਨੇ ਜਵਾਬ ਦਿੱਤਾ ਕਿ ਮੈਂਬਰ ਨੇ ਨਿਊਟਨ ਬਰਾਂਚ ਵਿਚ ਮੁਰੰਮਤ ਅਤੇ ਨਵੀਨੀਕਰਨ ਦੇ ਕੰਮ ਬਾਰੇ ਸਾਨੂੰ ਦੱਸਿਆ ਹੈ ਪਰ ਸਾਨੂੰ ਖਿੜਕੀਆਂ ਦੇ ਸ਼ੀਸ਼ਿਆਂ ਬਾਰੇ ਖ਼ਾਸ ਪਤਾ ਨਹੀਂ ਸੀ ਅਸੀਂ ਹੁਣ ਚੈੱਕ ਕੀਤਾ ਹੈ ਇਹ ਦੂਹਰੇ ਸ਼ੀਸ਼ੇ ਵਾਲੀ ਖਿੜਕੀ ਹੈ ਅਤੇ ਇਹ ਸੁਰੱਖਿਆ ਦਾ ਵਿਸ਼ਾ ਨਹੀਂ ਅਸੀਂ ਇਸ ਬਾਰੇ ਪਹਿਲਾਂ ਵੀ ਬਿਲਡਿੰਗ ਦੇ ਮਾਲਕ ਨਾਲ ਗਲ ਬਾਤ ਕੀਤੀ ਸੀ ਅਤੇ ਕਿੰਨੀ ਰਕਮ ਕੱਟਣੀ ਹੈ ਅਤੇ ਕਿੰਨੀ ਦੇਣੀ ਹੈ ਇਸ ਬਾਰੇ ਕੁੱਝ ਅਸਹਿਮਤੀ ਸੀ। ਅਸੀਂ ਇਸ ਬਾਰੇ ਫਿਰ ਵਿਚਾਰ ਕਰਾਂਗੇ ਅਤੇ ਨਵੀਨੀਕਰਨ ਬਾਰੇ ਮੈਂਬਰਾਂ ਵੱਲੋਂ ਹੋਰ ਉਠਾਏ ਗਏ ਮੁੱਦੇ ਪਹਿਲਾਂ ਹੀ ਵਿਚਾਰੇ ਜਾ ਚੁੱਕੇ ਹਨ।

   ਸ. ਜਗਪਾਲ ਸਿੰਘ ਸੰਧੂ ਨੇ ਕਿਹਾ ਜੇ ਕਿਸੇ ਦਾ ਕੋਈ ਸਵਾਲ ਹੈ ਤਾਂ ਪੁੱਛੋ ਜਾਂ ਬਾਅਦ ਵਿਚ ਕਦੀ ਵੀ ਪੁੱਛ ਸਕਦੇ ਹੋ ਅਸੀਂ ਹਮੇਸ਼ਾ ਜਵਾਬ ਦੇਣ ਲਈ ਹਾਜ਼ਰ ਹਾਂ।

   ਸ. ਜਗਪਾਲ ਸਿੰਘ ਸੰਧੂ ਨੇ ਮੈਂਬਰਾਂ ਅਤੇ ਮਹਿਮਾਨਾਂ ਦਾ ਮੀਟਿੰਗ ਵਿਚ ਹਾਜ਼ਰ ਹੋਣ ਅਤੇ ਇਸ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ ਅਤੇ ਦੱਸਿਆ ਕਿ ਸਾਡੀ ਸਾਲਾਨਾ ਜਨਰਲ ਮੀਟਿੰਗ ਨੂੰ ਬਹੁਤ ਭਾਰੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਨੇ ਸਭ ਦੀ ਮਾਹੌਲ ਠੀਕ ਰੱਖਣ ਲਈ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਸੀਂ ਇਸ ਮੀਟਿੰਗ ਅਤੇ ਭਵਿੱਖ ਵਿਚ ਹੋਣ ਵਾਲੀਆਂ ਸਾਲਾਨਾ ਜਨਰਲ ਮੀਟਿੰਗਾਂ ਬਾਰੇ ਸੁਝਾਵਾਂ ਦੀ ਉਡੀਕ ਕਰਾਂਗੇ।

5. ਸ. ਬਲਦੀਪ ਸਿੰਘ ਹੇਹਰ ਨੇ ਮੈਂਬਰਾਂ ਦੀ ਹਾਜ਼ਰੀ ਬਾਰੇ ਸਵਾਲ ਕੀਤਾ - ਕਿੰਨੇ ਕਰਮਚਾਰੀ ਅਤੇ ਕਿੰਨੇ ਬਾਹਰਲੇ ਮਹਿਮਾਨਾਂ ਨੇ ਮੀਟਿੰਗ ਵਿਚ ਹਾਜ਼ਰੀ ਭਰੀ?

   ਸ. ਜਗਪਾਲ ਸਿੰਘ ਸੰਧੂ ਨੇ ਕਿਹਾ ਕਿ ਅਸੀਂ ਦੇਖ ਸਕਦੇ ਹਾਂ ਕਿ ਕਿੰਨੇ ਮੈਂਬਰ ਹਾਜ਼ਰ ਸਨ ਕੋਰਮ ਲਈ 62 ਚਾਹੀਦੇ ਹਨ ਸਾਡੇ ਕਰਮਚਾਰੀ ਵੀ ਮੈਂਬਰ ਹਨ ਕਿਉਂਕਿ ਉਨ੍ਹਾਂ ਦੇ ਖਾਤੇ ਖ਼ਾਲਸਾ ਕਰੈਡਿਟ ਯੂਨੀਅਨ ਵਿਚ ਹਨ। ਸ. ਹੇਹਰ ਨੇ ਫਿਰ ਪੁੱਛਿਆ ਕਿ ਖ਼ਾਲਸਾ ਕਰੈਡਿਟ ਯੂਨੀਅਨ ਨੇ ਕਿੰਨੇ ਮੈਂਬਰ ਬਾਹਰੋਂ ਬਣਾਏ ਹਨ। ਸੰਧੂ ਸਾਹਿਬ ਨੇ ਕਿਹਾ ਕਿ ਇਸ ਬਾਰੇ ਬਾਅਦ ਵਿਚ ਦੱਸਣਗੇ।

18,000 ਮੈਂਬਰਾਂ ਵਿਚੋਂ ਸਿਰਫ਼ 0.33% ਮੈਂਬਰਾਂ ਨੇ ਹਿੱਸਾ ਲਿਆ। ਉਨ੍ਹਾਂ ਅੱਗੋਂ ਕਿਹਾ ਕਿ ਆਮ ਤੌਰ ਤੇ ਬਹੁਤ ਘੱਟ ਮੈਂਬਰ ਸਾਲਾਨਾ ਜਨਰਲ ਮੀਟਿੰਗ ਵਿਚ ਹਿੱਸਾ ਲੈਂਦੇ ਹਨ। ਅਸੀਂ ਮੈਂਬਰਾਂ ਨੂੰ ਮੀਟਿੰਗ ਲਈ ਕਹਿ ਸਕਦੇ ਹਾਂ ਪਰ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੇ।

6. ਸਵਾਲ – ਵਰਚੂਅਲ ਮੀਟਿੰਗ ਦਾ ਨੋਟਿਸ ਕਦੋਂ ਭੇਜਿਆ ਗਿਆ? – ਸ਼੍ਰੀ ਮਤੀ ਜਸੀ ਸਿੱਧੂ ਨੇ ਜਵਾਬ ਦਿੱਤਾ ਕਿ ਅੰਤਰੰਗ ਕਮੇਟੀ ਵਿਚ 7 ਮਈ ਨੂੰ ਫ਼ੈਸਲਾ ਕੀਤਾ ਕਿ ਪਾਬੰਦੀਆਂ ਕਾਰਨ 14 ਜੂਨ ਨੂੰ ਵਰਚੂਅਲ ਸਾਲਾਨਾ ਜਨਰਲ ਮੀਟਿੰਗ ਕੀਤੀ ਜਾਏਗੀ। ਅਸੀਂ ਪਹਿਲੇ 10 ਮਈ ਸੋਮਵਾਰ ਤੋਂ ਮੈਂਬਰਾਂ ਨੂੰ ਸੂਚਿਤ ਕਰਨਾ ਸ਼ੁਰੂ ਕਰ ਦਿੱਤਾ ਸੀ ਫ਼ੋਨ ਰਾਹੀ ਅਤੇ ਆਨਲਾਈਨ ਰਾਹੀ ਵੀ ਅਤੇ ਬਰਾਂਚਾਂ ਨੇ ਆਪਣੀਆਂ ਸਕਰੀਨ, ਕਾਊਂਟਰਾਂ ਅਤੇ ਦਰਵਾਜ਼ਿਆਂ ਤੇ ਵੀ ਨੋਟਿਸ ਲਗਵਾਏ। ਬਰਾਂਚਾਂ ਵਿਚ ਆਉਣ ਵਾਲੇ ਮੈਂਬਰਾਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪੇ ਸਾਲਾਨਾ ਜਨਰਲ ਮੀਟਿੰਗ ਬਾਰੇ ਕਾਰਡ ਵੀ ਵੰਡੇ।

7. ਜਸਵਿੰਦਰ ਸਿੰਘ ਬਦੇਸ਼ਾ ਵੱਲੋਂ ਲਿਖਤੀ ਸਵਾਲ
   ੳ. ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ – ਜਵਾਬ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ।
   ਅ. ਸ਼ੁੱਧ ਆਮਦਨ ਦੀ ਗ਼ਲਤੀ ਮੈਨੇਜਮੈਂਟ ਅਤੇ ਬੋਰਡ ਨੇ ਕਿਉਂ ਨਹੀਂ ਪਕੜੀ?– ਬੋਰਡ ਚੇਅਰ ਨੇ ਕਿਹਾ ਕਿ ਮਨੁੱਖ ਭੁੱਲਣਹਾਰ ਹੈ ਉਸ ਤੋਂ ਗ਼ਲਤੀਆਂ ਹੋ ਜਾਂਦੀਆਂ ਹਨ ਆਡਿਟ ਤੋਂ ਬਾਅਦ ਅਸੀਂ ਗ਼ਲਤੀ ਸੁਧਾਰੀ ਹੈ ਗ਼ਲਤ ਕਾਪੀ ਇੰਟਰਨੈੱਟ ਤੇ ਪਾਣ ਲਈ ਅਸੀਂ ਮੁਆਫ਼ੀ ਮੰਗੀ ਹੈ।
   ੲ. ਖ਼ਾਲਸਾ ਕਰੈਡਿਟ ਯੂਨੀਅਨ ਦੇ ਨਿਯਮ ਕਹਿੰਦੇ ਹਨ ਕਿ ਸਾਰੇ ਡਾਇਰੈਕਟਰ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ? – ਜਵਾਬ ਦਿੱਤਾ ਗਿਆ ਕਿ ਸਾਰੇ ਡਾਇਰੈਕਟਰ ਅੰਮ੍ਰਿਤਧਾਰੀ ਹਨ ਅਤੇ ਡਾਇਰੈਕਟਰ ਬਣਨ ਸਮੇਂ ਗੁਰੂ ਗ੍ਰੰਥ ਸਾਹਿਬ ਸਾਹਮਣੇ ਸਹੁੰ ਚੁੱਕਦੇ ਹਨ ਅਸੀਂ ਉਸ ਤੇ ਵਿਸ਼ਵਾਸ ਕਰਦੇ ਹਾਂ ਅਤੇ ਅਸੀਂ ਸਾਰੇ ਨਿਯਮਾਂ ਦੀ ਪਾਲਨਾ ਕਰਦੇ ਹਾਂ।
   ਸ. ਕਿਉਂ ਕਿਸੇ ਇੱਕ ਗਰੁੱਪ ਦੇ ਲੋਕ ਹੀ ਖ਼ਾਲਸਾ ਕਰੈਡਿਟ ਯੂਨੀਅਨ ਦੇ ਡਾਇਰੈਕਟਰ ਬਣਦੇ ਹਨ? ਬੋਰਡ ਚੇਅਰ ਨੇ ਜਵਾਬ ਦਿੱਤਾ ਕਿ ਉਸ ਨੂੰ ਸਵਾਲ ਦੀ ਸਮਝ ਨਹੀਂ ਆਈ ਕਿ ਤੁਸੀਂ ਕਿਸ ਗਰੁੱਪ ਦੀ ਗਲ ਕਰ ਰਹੇ ਹੋ, ਜਵਾਬ ਇਹ ਹੈ ਕਿ ਖ਼ਾਲਸਾ ਕਰੈਡਿਟ ਯੂਨੀਅਨ ਦਾ ਕੋਈ ਵੀ ਜਨਰਲ ਮੈਂਬਰ ਜਿਸ ਕੋਲ ਜ਼ਰੂਰੀ ਯੋਗਤਾਵਾਂ ਹਨ ਉਹ ਡਾਇਰੈਕਟਰ ਬਣਨ ਲਈ ਬਿਨੈ ਪੱਤਰ ਦੇ ਸਕਦਾ ਹੈ। ਅਸੀਂ ਸੰਚਾਰ ਸਾਧਨਾਂ ਅਤੇ ਸਾਰੀਆਂ ਬਰਾਂਚਾਂ ਵਿਚ ਪ੍ਰਚਾਰ ਕਰਦੇ ਹਾਂ ਅਤੇ ਕੋਈ ਵੀ ਡਾਇਰੈਕਟਰ ਲਈ ਬਿਨੈ ਪੱਤਰ ਦੇ ਸਕਦਾ ਹੈ। ਅਸੀਂ ਆਪਣੇ ਬੋਰਡ ਵਿਚ ਵਿਭਿੰਨਤਾ ਚਾਹੁੰਦੇ ਹਾਂ ਅਤੇ ਆਪਣੇ ਮੈਂਬਰਾਂ ਦੀ ਨੁਮਾਇੰਦਗੀ ਕਿਸੇ ਵੀ ਸੰਸਥਾ ਦੀ ਸਫ਼ਲਤਾ ਲਈ ਬਹੁਤ ਜ਼ਰੂਰੀ ਹੈ ਅਤੇ ਅਸੀਂ ਇਸ ਦੇ ਸਮਰਥਕ ਹਾਂ। ਜੇ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਡਾਇਰੈਕਟਰ ਬਣਨਾ ਚਾਹੁੰਦਾ ਹੈ ਤੁਸੀਂ ਬਿਨੈ ਪੱਤਰ ਦੇਣ ਲਈ ਆਜ਼ਾਦ ਹੋ।

ਸ. ਜਗਪਾਲ ਸਿੰਘ ਸੰਧੂ ਨੇ ਕਿਹਾ ਕਿ ਇੱਕ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ਉਹ ਹੈ ਕਰਮਚਾਰੀਆਂ ਅਤੇ ਜਨਰਲ ਮੈਂਬਰਾਂ ਦੀ ਹਾਜ਼ਰੀ ਬਾਰੇ, ਇਸ ਦਾ ਜਵਾਬ ਅਸੀਂ ਆਪਣੇ ਵੈੱਬਸਾਈਟ ਤੇ ਪਾ ਦਿਆਂਗੇ।

ਸ. ਜਗਪਾਲ ਸਿੰਘ ਸੰਧੂ ਨੇ ਬੜੀ ਸਫਲ ਵਰਚੂਅਲ ਮੀਟਿੰਗ ਵਿਚ ਹਾਜ਼ਰੀ ਭਰਨ ਲਈ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਇਸ ਨਵੇਂ ਤਜਰਬੇ ਬਾਰੇ ਆਪਣੇ ਖ਼ਿਆਲਾਂ ਤੋਂ ਸਾਨੂੰ ਜਾਣੂ ਕਰਵਾਉਣਾ।

15. *ਮੀਟਿੰਗ ਮੁਲਤਵੀ*

1:45 ਵਜੇ ਦੁਪਹਿਰੇ ਮੀਟਿੰਗ ਮੁਲਤਵੀ ਹੋਈ।

*ਪੇਸ਼ ਕਰਤਾ ਸ.ਕੁਲਦੀਪ ਸਿੰਘ ਸਿੱਧੂ    ਤਾਈਦ ਕਰਤਾ ਸ.ਅਮਰਪਾਲ ਸਿੰਘ    ਪਾਸ ਹੋਇਆ*